

# ਬ੍ਰੀਦ ਪ੍ਰੋਜੈਕਟ

## ਵਰਕਸ਼ਾਪ ਗਾਈਡ

**ਆਪਣੇ ਆਪ ਬਣਾਏ ਜਾਣ ਵਾਲੇ ਡੀ ਆਈ ਯੂ ਏਅਰ ਕਲੀਨਰ:**
ਪੈਦਾ ਹੋ ਰਹੇ ਹਵਾ ਵਿਚਲੇ ਖਤਰਿਆਂ ਅਤੇ ਗਰਮੀ ਦੀਆਂ ਘਟਨਾਵਾਂ ਦੇ ਸੰਬੰਧ ਵਿੱਚ ਨਿਪਟਣ ਦੀ ਸਮਰੱਥਾ ਬਣਾਉਣਾ


***ਮੁੱਖ ਖੋਜ-ਕਰਤਾ:*** *ਡਾ: ਐਨ-ਮੈਰੀ ਨਿਕੋਲ*
***ਸਹਾਇਕ ਖੋਜ-ਕਰਤਾ:*** *ਰਾਇਲੀ ਕੌਨਡੌਨ, ਪ੍ਰੇਮ ਗੁੰਡਾਰ੍ਹਾ, ਜੈਨੀ ਹੁਆਂਗ, ਰਵਨੀਤ ਮੁੰਡੀ, ਤਾਤੀਆਨਾ ਪੈਰਿਸ਼, ਜੈਨੇਵੀਵ ਚੈਂਗ*


**BREATHE**
Building Resilience to Emerging Airborne Threats and Heat Events

BC LUNG FOUNDATION

SFU


air-cleaners@sfu.ca
bclung.ca/diyaircleaners
Follow along @sfu_breathe

# ਮਾਨਤਾ

## ਜ਼ਮੀਨ ਬਾਰੇ ਮਾਨਤਾ

ਸਾਈਮਨ ਫਰੇਜ਼ਰ ਯੂਨੀਵਰਸਿਟੀ ਸਤਿਕਾਰ ਨਾਲ xʷməθkʷəy̓əm( ਮਸਕੀਅਮ), Sḵwx̱wú7mesh Úxwumixw (ਸੁਕਾਮਿਸ਼), səlilwətaɬ (ਸਲੇ ਵਾਥੂਥ), q̓íc̓əy̓ (ਕਾਟਜ਼ੀ), kʷikʷəƛ̓əm (ਕਵੀਕਿਟਲਮ), ਕਾ-ਕਾਈਟ, ਕਵਾਂਟਲੈਨ, ਸੈਮੀਆਮੂ ਅਤੇ ਟਵਾਸਨ ਲੋਕਾਂ ਦਾ ਧੰਨਵਾਦ ਕਰਦੀ ਹੈ ਜਿਹਨਾਂ ਦੇ ਅਣਸੌਂਪੇ ਰਵਾਇਤੀ ਇਲਾਕਿਆਂ ਵਿੱਚ ਸਾਡੇ ਤਿੰਨ ਕੈਂਪਸ ਸਥਿਤ ਹਨ।

## ਫੰਡ ਦੇਣ ਵਾਲੇ ਅਤੇ ਭਾਈਵਾਲ

ਤੁਹਾਡੇ ਲਈ ਬ੍ਰੀਦ ਪ੍ਰੋਜੈਕਟ ਸਾਈਮਨ ਫਰੇਜ਼ਰ ਯੂਨੀਵਰਸਿਟੀ ਅਤੇ ਬੀ ਸੀ ਲੰਗ ਫਾਊਂਡੇਸ਼ਨ ਵਲੋਂ ਤਿਆਰ ਕੀਤਾ ਗਿਆ ਹੈ।

ਇਸ ਪ੍ਰੋਜੈਕਟ ਨੂੰ ਪੈਸੇਫਿਕ ਇੰਸਟੀਚਿਊਟ ਫਾਰ ਕਲਾਈਮੇਟ ਸੌਲੂਸ਼ਨਜ਼, ਸੈਂਟਰਲ ਓਕਾਨਾਗਨ ਫਾਊਂਡੇਸ਼ਨ, ਐੱਸ ਐੱਫ ਯੂ ਸੀ ਈ ਆਰ ਆਈ (ਕਮਿਊਨਿਟੀ ਇਨਗੇਜਡ ਰਿਸਰਚ ਇਨੀਸ਼ੀਏਟਿਵ), ਮੇਟੀਜ਼ ਨੇਸ਼ਨਜ਼ ਬੀ ਸੀ, ਸਿਟੀ ਆਫ ਵੈਨਕੂਵਰ, ਸਿਟੀ ਆਫ ਕਿਲੋਨਾ ਅਤੇ ਸਿਟੀ ਆਫ ਨਿਊ ਵੈਸਟਮਿਨਸਟਰ ਦੇ ਨਾਲ ਨਾਲ ਬੀ ਸੀ ਦੀਆਂ ਸਾਰੀਆਂ ਹੈਲਥ ਅਥਾਰਟੀਆਂ (ਫਸਟ ਨੇਸ਼ਨਜ਼ ਹੈਲਥ, ਫਰੇਜ਼ਰ ਹੈਲਥ, ਇਨਟੀਰੀਅਰ ਹੈਲਥ, ਨੋਰਦਰਨ ਹੈਲਥ, ਵੈਨਕੂਵਰ ਕੋਸਟਲ ਹੈਲਥ, ਆਈਲੈਂਡ ਹੈਲਥ) ਦੀ ਹਿਮਾਇਤ ਪ੍ਰਾਪਤ ਹੈ।

BC LUNG FOUNDATION

SFU

PICS
PACIFIC INSTITUTE FOR CLIMATE SOLUTIONS

CERi

CENTRAL OKANAGAN FOUNDATION
*empowering generations to give.*

# ਤਤਕਰਾ


**ਪਿਛੋਕੜ** ..... 4

**ਮੁੱਢਲੀ ਜਾਣਕਾਰੀ ਨੂੰ ਜਾਣਨਾ** ..... 5

i. ਜਲਵਾਯੂ ਵਿੱਚ ਤਬਦੀਲੀ, ਜੰਗਲੀ ਅੱਗਾਂ ਅਤੇ ਸਿਹਤ `ਤੇ ਪੈਣ ਵਾਲੇ ਅਸਰਾਂ ਵਿਚਕਾਰ ਸੰਬੰਧ ਜੋੜਨਾ

ii. ਕਾਰਗਰਤਾ

iii. ਉਛਾੜ (ਸ਼ਰਾਉਡ)

iv. ਵਰਤੋਂ ਅਤੇ ਸੀਮਾਵਾਂ

v. ਡੀ ਆਈ ਵਾਈ ਏਅਰ ਕਲੀਨਰ ਨੂੰ ਸੁਰੱਖਿਅਤ ਢੰਗ ਨਾਲ ਵਰਤਣਾ

vi. ਜੰਗਲੀ ਅੱਗਾਂ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਅਸੀਂ ਕੀ ਕਰ ਸਕਦੇ ਹਾਂ?

**ਪਲੈਨਿੰਗ** ..... 9

i. ਯੂਨਿਟ ਦਾ ਖਰਚਾ

ii. ਵਰਕਸ਼ਾਪ ਲਈ ਥਾਂ ਅਤੇ ਤਿਆਰੀ

iii. ਚੀਜ਼ਾਂ ਖ੍ਰੀਦਣਾ

**ਵਰਕਸ਼ਾਪ ਲਈ ਸ਼ੌਪਿੰਗ ਲਿਸਟ** ..... 12

**ਵਰਕਸ਼ਾਪਾਂ ਲਈ ਫਾਇਦੇਮੰਦ ਹੈਂਡ ਆਊਟ** ..... 13

**ਹਵਾਲੇ** ..... 14


# ਪਿਛੋਕੜ

## ਜਲਵਾਯੂ ਵਿੱਚ ਤਬਦੀਲੀ ਅਤੇ ਜੰਗਲੀ ਅੱਗਾਂ

2005 ਤੋਂ ਲੈ ਕੇ ਬ੍ਰਿਟਿਸ਼ ਕੋਲੰਬੀਆ (ਬੀ ਸੀ) ਵਿੱਚ ਜੰਗਲੀ ਅੱਗਾਂ ਵਿੱਚ ਵੱਡਾ ਵਾਧਾ ਹੋਇਆ ਹੈ, ਜੋ ਮੁੱਖ ਤੌਰ `ਤੇ ਜਲਵਾਯੂ ਵਿੱਚ ਤਬਦੀਲੀ ਅਤੇ ਜ਼ਮੀਨ ਦੀ ਵਰਤੋਂ ਦੇ ਅਜਿਹੇ ਢੰਗਾਂ ਦੇ ਕਾਰਨ ਹੈ ਜੋ ਜੰਗਲੀ ਅੱਗਾਂ ਲੱਗਣ ਦੇ ਮੌਕਿਆਂ ਨੂੰ ਵਧਾਉਂਦੇ ਹਨ। ਇਕ ਔਸਤ ਸਾਲ ਦੌਰਾਨ ਬੀ ਸੀ ਵਿੱਚ ਲੱਗਣ ਵਾਲੀਆਂ ਜੰਗਲੀ ਅੱਗਾਂ ਦੀ ਗਿਣਤੀ ਰਿਕਾਰਡ ਪੱਧਰਾਂ ਤੋਂ ਵੱਧ ਗਈ ਹੈ, ਅਤੇ ਜੰਗਲੀ ਅੱਗਾਂ ਲੱਗਣ ਦੇ ਸਾਡੇ ਸਭ ਤੋਂ ਬਦਤਰ ਸਮੇਂ ਪਿਛਲੇ ਪੰਜਾਂ ਸਾਲਾਂ ਦੌਰਾਨ ਵਾਪਰੇ ਹਨ।

ਬੀ ਸੀ ਵਿੱਚ ਜੰਗਲੀ ਅੱਗਾਂ ਦੀ ਵਧੀ ਹੋਈ ਗਿਣਤੀ ਜੰਗਲੀ ਅੱਗਾਂ ਦੇ ਧੂੰਏਂ ਕਾਰਨ ਲੋਕਾਂ ਦੀ ਸਿਹਤ ਅਤੇ ਭਲਾਈ ਨੂੰ ਖਤਰੇ ਵਿੱਚ ਪਾਉਂਦੀ ਹੈ। ਜੰਗਲੀ ਅੱਗਾਂ ਦੇ ਨੇੜੇ ਦੀਆਂ ਅਬਾਦੀਆਂ ਦਾ ਜੰਗਲੀ ਅੱਗਾਂ ਦੇ ਧੂੰਏਂ ਦੇ ਪ੍ਰਦੂਸ਼ਨ ਨਾਲ ਸਭ ਤੋਂ ਜ਼ਿਆਦਾ ਵਾਹ ਪੈਂਦਾ ਹੈ। ਪਰ ਮੌਸਮ ਦੇ ਰੂਪਾਂ ਅਨੁਸਾਰ ਜੰਗਲੀ ਅੱਗਾਂ ਦਾ ਧੂੰਆਂ ਦੂਰ ਤੱਕ ਪਹੁੰਚ ਸਕਦਾ ਹੈ ਅਤੇ ਹਵਾ ਦੀ ਕੁਆਲਟੀ `ਤੇ ਲੰਮਾਂ ਸਮਾਂ ਰਹਿਣ ਵਾਲੇ ਅਸਰ ਪਾ ਸਕਦਾ ਹੈ ਜਿਹੜੇ ਨੇੜੇ ਅਤੇ ਦੂਰ ਦੀਆਂ ਅਬਾਦੀਆਂ ਨੂੰ ਪ੍ਰਭਾਵਿਤ ਕਰਦੇ ਹਨ।

### ਜਲਵਾਯੂ ਵਿੱਚ ਤਬਦੀਲੀ ਦੇ ਜੰਗਲੀ ਅੱਗਾਂ `ਤੇ ਅਸਰ




ਵੈਸਟਰਨ ਫਾਇਰ ਚੀਫ ਐਸੋਸੀਏਸ਼ਨ (18 ਜੁਲਾਈ 2022 ਨੂੰ ਪ੍ਰਕਾਸ਼ਤ ਹੋਇਆ)। 4 ਮਾਰਚ 2024 ਨੂੰ ਸੰਪਾਦਤ ਕੀਤਾ।
https://wfca.com/wildfire-articles/wildfires-and-climate-change/

# ਮੁੱਢਲੀ ਜਾਣਕਾਰੀ ਨੂੰ ਜਾਣਨਾ

## i. ਜਲਵਾਯੂ ਵਿੱਚ ਤਬਦੀਲੀ, ਜੰਗਲੀ ਅੱਗਾਂ ਅਤੇ ਸਿਹਤ `ਤੇ ਪੈਣ ਵਾਲੇ ਅਸਰਾਂ ਵਿਚਕਾਰ ਸੰਬੰਧ ਜੋੜਨਾ

ਫੌਸਿਲ ਫਿਊਲਜ਼ (ਤੇਲ, ਗੈਸ ਅਤੇ ਕੋਲੇ) ਦੀ ਵਰਤੋਂ ਕਾਰਨ ਵਾਯੂਮੰਡਲ ਵਿੱਚ ਗਰੀਨ ਹਾਊਸ ਗੈਸਾਂ, ਖਾਸ ਕਰਕੇ ਕਾਰਬਨ-ਡਾਇਐਕਸਾਈਡ, ਪੈਦਾ ਹੁੰਦੀ ਹੈ। ਗੈਸਾਂ ਦਾ ਇਹ ਨਿਕਾਸ ਗਰਮੀ ਨੂੰ ਰੋਕਦਾ ਹੈ ਅਤੇ ਆਲਮੀ ਤਾਪਮਾਨਾਂ (ਗਲੋਬਲ ਟੈਂਪਰੇਚਰਜ਼) ਦੇ ਵਾਧੇ ਦਾ ਕਾਰਨ ਬਣਦਾ ਹੈ। ਜਲਵਾਯੂ ਦੀ ਤਬਦੀਲੀ ਕਾਰਨ ਪੈਦਾ ਹੋਏ ਗਰਮ ਤਾਪਮਾਨ ਅਤੇ ਲੰਮਾਂ ਸਮਾਂ ਰਹਿਣ ਵਾਲੇ ਸੋਕੇ ਬਨਸਪਤੀ ਨੂੰ ਸੁਕਾਉਂਦੇ ਹਨ ਅਤੇ ਇਸ ਨੂੰ ਜੰਗਲੀ ਅੱਗਾਂ ਲੱਗਣ ਦੇ ਖਤਰੇ ਨੂੰ ਵਧਾਉਂਦੇ ਹਨ। ਇਹ ਜ਼ਿਆਦਾ ਵਾਰ ਅਤੇ ਜ਼ੋਰਦਾਰ ਅੱਗਾਂ ਲੱਗਣ ਦਾ ਕਾਰਨ ਬਣਿਆ ਹੈ। ਜੰਗਲੀ ਅੱਗਾਂ ਦਾ ਧੂੰਆਂ ਖੰਘ, ਛੋਟੇ ਛੋਟ ਸਾਹ ਆਉਣ, ਅਤੇ ਦਮੇ ਜਾਂ ਸੀ ਓ ਪੀ ਡੀ ਵਰਗੀਆਂ ਸਾਹ ਦੀਆਂ ਸਮੱਸਿਆਵਾਂ ਪੈਦਾ ਕਰ ਸਕਦਾ ਹੈ ਅਤੇ ਦਿਲ ਦੇ ਦੌਰਿਆਂ ਅਤੇ ਸਟਰੋਕਾਂ ਦਾ ਖਤਰਾ ਵਧਾ ਸਕਦਾ ਹੈ। ਧੂੰਏਂ ਵਿਚਲੇ ਜ਼ਹਿਰੀਲੇ ਕਣਾਂ ਨਾਲ ਲੰਮਾ ਸਮਾਂ ਵਾਹ ਪੈਣ ਨਾਲ ਫੇਫੜਿਆਂ ਦੀਆਂ ਚਿਰਕਾਲੀ ਬੀਮਾਰੀਆਂ ਲੱਗ ਸਕਦੀਆਂ ਹਨ, ਫੇਫੜਿਆਂ ਦੀ ਕਾਰਜ ਕਰਨ ਦੀ ਸਮਰੱਥਾ ਘੱਟ ਸਕਦੀ ਹੈ ਅਤੇ ਫੇਫੜਿਆਂ ਦੀ ਕੈਂਸਰ ਤੱਕ ਹੋ ਸਕਦੀ ਹੈ। ਬੱਚਿਆਂ ਅਤੇ ਬਜ਼ੁਰਗਾਂ ਸਮੇਤ ਕਮਜ਼ੋਰ ਗਰੁੱਪਾਂ ਅਤੇ ਪਹਿਲਾਂ ਮੌਜੂਦ ਹਾਲਤਾਂ (ਪ੍ਰੀ- ਐਗਜ਼ਿਸਟਿੰਗ ਕੰਡੀਸ਼ਨਜ਼) ਵਾਲੇ ਵਿਅਕਤੀਆਂ ਲਈ ਜ਼ਿਆਦਾ ਖਤਰਾ ਹੋ ਸਕਦਾ ਹੈ, ਜਦੋਂ ਕਿ ਧੂੰਆਂ ਸਟਰੈੱਸ, ਨੀਂਦ ਵਿੱਚ ਵਿਘਨ ਅਤੇ ਮਾਨਸਿਕ ਸਿਹਤ ਨਾਲ ਸੰਬੰਧਿਤ ਚੁਣੌਤੀਆਂ ਵੀ ਪੈਦਾ ਕਰ ਸਕਦਾ ਹੈ।



ਤਸਵੀਰ ਬਾਰੇ ਹਵਾਲਾ: ਕੁਲਕਰਨੀ ਏ. ਅਤੇ ਨੈਲਮਜ਼ ਬੀ (2021, ਜੂਨ 21). ਬੀ ਸੀਜ਼ ਸਾਊਥ ਕੋਸਟ ਕੁੱਡ ਸੂਨ ਸੀ ਸਮੋਕੀ ਸਕਾਈਜ਼, ਐਕਸਪਰਟ ਵਾਰਨ. ਸੀ ਬੀ ਸੀ ਨਿਊਜ਼. https://www.cbc.ca/news/canada/british-columbia/metro-vancouver-wildfire-smoke-1.6109122

## ii. ਕਾਰਗਰਤਾ

ਇਹ ਪ੍ਰੋਜੈਕਟ ਨੈਸ਼ਨਲ ਕੋਲੈਬੋਰੇਟਿੰਗ ਸੈਂਟਰ ਫਾਰ ਇਨਵਾਇਰਮੈਂਟਲ ਹੈਲਥ (ਐੱਨ ਸੀ ਸੀ ਈ ਐੱਚ) ਦੀ ਡਾ: ਐਂਜਲਾ ਈਕਲਬੋਸ਼ ਵਲੋਂ ਕੀਤੇ ਪ੍ਰਮਾਣਕਤਾ ਦੇ ਮੁੱਲਾਂਕਣ (ਐਵੀਡੈਂਸ ਅਸੈੱਸਮੈਂਟ) ਵਿੱਚੋਂ ਨਿਕਲਿਆ ਹੈ। ਇਸ ਅਧਿਐਨ ਵਿੱਚ ਕਮਰਸ਼ੀਅਲ ਤੌਰ `ਤੇ ਮਿਲਦੇ ਏਅਰ ਕਲੀਨਰਾਂ, ਜਿਹਨਾਂ ਵਿੱਚੋਂ ਬਹੁਤੇ ਹਾਈ-ਐਫੀਸ਼ੈਂਸੀ ਪਾਰਟੀਕੁਲੇਟ ਏਅਰ (ਐੱਚ ਈ ਪੀ ਏ) ਫਿਲਟਰਾਂ ਦੀ ਵਰਤੋਂ ਕਰਦੇ ਹਨ, ਦੇ ਮੁਕਾਬਲੇ ਡੀ ਆਈ ਵਾਈ ਏਅਰ ਕਲੀਨਰਾਂ ਦੀ ਕਾਰਗੁਜ਼ਾਰੀ ਦਾ ਮੁਕਾਬਲਾ ਕੀਤਾ ਗਿਆ ਸੀ। ਕਾਰਗੁਜਾਰੀ  ਕਲੀਨ ਏਅਰ ਡਿਲੀਵਰੀ ਰੇਟ (ਸੀ ਏ ਡੀ ਆਰ) `ਤੇ ਆਧਾਰਿਤ ਸੀ, ਜਿਹੜਾ ਰੇਟ ਇਸ ਗੱਲ ਦੀ ਮਿਣਤੀ ਕਰਦਾ ਹੈ ਕਿ ਏਅਰ ਕਲੀਨਰ ਬੰਦ ਕਮਰੇ ਵਿੱਚੋਂ ਕਣਾਂ ਨੂੰ ਕਿੰਨੀ ਤੇਜ਼ੀ ਨਾਲ ਕੱਢ ਸਕਦੇ ਹਨ। ਸੀ ਏ ਡੀ ਆਰ ਦਾ ਉੱਚਾ ਰੇਟ ਕਮਰੇ ਵਿੱਚ ਹਵਾ ਦੇ ਬਦਲਣ ਵਿੱਚ ਲੱਗਣ ਵਾਲੇ ਸਮੇਂ ਨੂੰ ਘਟਾਉਂਦਾ ਹੈ, ਜਿਸ ਨੂੰ ਪ੍ਰਤੀ ਘੰਟੇ ਵਿੱਚ ਹਵਾ ਦੀ ਤਬਦੀਲੀ (ਏਅਰ ਚੇਂਜਜ਼ ਪਰ ਆਵਰ - ਏ ਸੀ ਐੱਚ) ਕਿਹਾ ਜਾਂਦਾ ਹੈ।  ਕਮਰਸ਼ੀਅਲ ਤੌਰ `ਤੇ ਮਿਲਣ ਵਾਲੇ ਬਹੁਤੇ ਏਅਰ ਕਲੀਨਰ 0.3 ਤੋਂ 1.0 ਮਾਈਕਰੋਮੀਟਰ ਤੱਕ ਦੇ ਕਣਾਂ ਨੂੰ ਫਿਲਟਰ ਕਰਦੇ ਹਨ। ਇਸ ਹੱਦ ਵਿੱਚ ਅੰਦਰਲੀ ਹਵਾ ਨੂੰ ਗੰਦਾ ਕਰਨ ਵਾਲੀਆਂ ਕਈ ਤਰ੍ਹਾਂ ਦੀਆਂ ਚੀਜ਼ਾਂ ਆਉਂਦੀਆਂ ਹਨ, ਜਿਹਨਾਂ ਵਿੱਚ ਵਾਇਰਸ, ਜੰਗਲੀ ਅੱਗਾਂ ਦਾ ਧੂੰਆਂ, ਉੱਲੀ ਦੇ ਬੀਜਾਣੂ, ਅੰਦਰ ਲੱਕੜਾਂ ਬਾਲਣ ਕਾਰਨ ਪੈਦਾ ਹੋਣ ਵਾਲੀਆਂ ਚੀਜ਼ਾਂ, ਪੋਲਨ, ਅਤੇ ਬਾਹਰ ਪ੍ਰਦੂਸ਼ਣ ਫੈਲਾਉਣ ਵਾਲੀਆਂ ਚੀਜ਼ਾਂ ਦੇ ਅੰਦਰ ਆ ਸਕਣ ਵਾਲੇ ਸ੍ਰੋਤ ਸ਼ਾਮਲ ਹਨ (ਈਕਲਬੋਸ਼, 2023)। ਪ੍ਰਮਾਣਕਤਾ ਦੇ ਰਿਵੀਊ ਨੇ ਦੱਸਿਆ ਕਿ ਡੀ ਆਈ ਵਾਈ ਏਅਰ ਕਲੀਨਰਾਂ ਨੇ ਕਮਰਸ਼ੀਅਲ ਤੌਰ `ਤੇ ਮਿਲਣ ਵਾਲੇ ਕੁੱਝ ਐੱਚ ਈ ਪੀ ਏ ਯੂਨਿਟਾਂ ਦੇ ਮੁਕਾਬਲੇ ਦੀ ਜਾਂ ਬਿਹਤਰ ਕਾਰਗੁਜਾਰੀ ਦਿਖਾਈ, ਅਤੇ ਉਹਨਾਂ ਨੂੰ ਬਣਾਉਣਾ ਕਮਰਸ਼ੀਅਲ ਮਾਡਲ ਖ੍ਰੀਦਣ ਦੇ ਮੁਕਾਬਲੇ ਘੱਟ ਮਹਿੰਗਾ ਵੀ ਸੀ।

## iii. ਉਛਾੜ (ਸ਼ਰਾਉਡ)

ਡੀ ਆਈ ਵਾਈ ਕਲੀਨਰਾਂ ਦੀ ਕਾਰਗਰਤਾ ਵਿੱਚ ਸੁਧਾਰ ਕਰਨ ਬਾਰੇ ਇਹ ਪਤਾ ਲੱਗਾ ਹੈ ਕਿ ਪੱਖੇ ਅੱਗੇ ਉਛਾੜ  (ਸ਼ਰਾਉਡ)  ਚਾੜ੍ਹਨ ਨਾਲ ਸੀ ਏ ਡੀ ਆਰ ਵਿੱਚ ਤਕਰੀਬਨ 40% ਦਾ ਸੁਧਾਰ ਹੁੰਦਾ ਹੈ (ਪਿਸਟੋਚੀਨੀ ਅਤੇ ਮਕਮਰੀ, 2021)। ਗੱਤੇ ਜਾਂ ਡਕਟ ਟੇਪ ਦਾ ਬਣਿਆ ਹੋਇਆ ਉਛਾੜ ਪੱਖੇ ਦੇ ਅੱਗੇ ਦੇ ਬਾਰਡਰਾਂ ਨੂੰ ਢਕ ਲੈਂਦਾ ਹੈ (ਉਛਾੜ ਭਾਵ ਸ਼ਰਾਉਡ ਦੀਆਂ ਫੋਟੋਆਂ ਦੇਖਣ ਲਈ ਸਫਾ 6 ਦੇਖੋ)।  ਉਛਾੜ ਫਿਲਟਰ ਵਿੱਚ ਦੀ ਲੰਘਣ ਵਾਲੀ ਹਵਾ ਦੀ ਕਾਰਗਰਤਾ ਨੂੰ ਵਧਾ ਦਿੰਦਾ ਹੈ। ਉਛਾੜ ਤੋਂ ਬਿਨਾਂ, ਗੰਦੀ ਹਵਾ ਪੱਖੇ ਦੇ ਸਿਰਿਆਂ ਵਿੱਚ ਵਾਪਸ ਖਿੱਚੀ ਜਾਂਦੀ ਹੈ ਅਤੇ ਫਿਲਟਰ ਵਿੱਚ ਦੀ ਲੰਘੇ ਬਿਨਾਂ ਕੇਂਦਰ ਵਿੱਚੋਂ ਬਾਹਰ ਧੱਕ ਦਿੱਤੀ ਜਾਂਦੀ ਹੈ।  ਉਛਾੜ ਇਹ ਯਕੀਨੀ ਬਣਾਉਣ ਵਿੱਚ ਮਦਦ ਕਰਦਾ ਹੈ ਕਿ ਪੱਖੇ ਵਿੱਚੋਂ ਆਉਣ ਵਾਲੀ ਹਵਾ ਪਹਿਲਾਂ ਫਿਲਟਰ ਵਿੱਚ ਦੀ ਲੰਘੇ।




1 X 1 ਡੀ ਆਈ ਵਾਈ ਏਅਰ ਕਲੀਨਰ ਯੂਨਿਟ `ਤੇ ਟੇਪ ਦਾ ਉਛਾੜ ਬਣਾਉਣ ਲਈ ਕਦਮ

## iv. ਵਰਤੋਂ ਅਤੇ ਸੀਮਾਵਾਂ

ਜਦੋਂ ਕਿ ਡੀ ਆਈ ਵਾਈ ਏਅਰ ਕਲੀਨਰ ਠੋਸ ਜਾਂ ਕਣਾਂ (ਪਾਰਟੀਕੁਲੇਟ ਮੈਟਰ) ਨੂੰ ਹਟਾਉਣ ਵਿੱਚ ਮਦਦ ਕਰ ਸਕਦੇ ਹਨ, ਫਿਲਟਰ ਰੇਡਾਨ, ਵੀ ਓ ਸੀਜ਼, ਅਤੇ ਕਾਰਬਨ ਮੋਨੋਔਕਸਾਈਡ ਵਰਗੀਆਂ ਪ੍ਰਦੂਸ਼ਣ ਪੈਦਾ ਕਰਨ ਵਾਲੀਆਂ ਗੈਸਾਂ ਨੂੰ ਨਹੀਂ ਫੜ੍ਹ ਸਕਦੇ। ਇਹ ਸਮਝਿਆ ਜਾਂਦਾ ਹੈ ਕਿ ਇਹ ਯੂਨਿਟ ਕੋਵਿਡ-19 ਅਤੇ ਫਲੂ ਵਰਗੇ ਇਨਫੈਕਸ਼ਨ ਕਰਨ ਵਾਲੇ ਐਰੀਸੋਲ ਨੂੰ ਹਟਾਉਣ ਵਿੱਚ ਚੰਗੀ ਤਰ੍ਹਾਂ ਕੰਮ ਕਰਦੇ ਹਨ, ਪਰ ਇਸ ਕਿਸਮ ਦੇ ਸਬੂਤ ਨਹੀਂ ਮਿਲੇ ਕਿ ਐਰੀਸੋਲ ਨੂੰ ਹਟਾਉਣ ਦਾ ਇਹ ਅਮਲ ਇਨਫੈਕਸ਼ਨ ਦੀ ਸੰਭਾਵਨਾ ਦੀ ਰੋਕਥਾਮ ਕਰਨ ਲਈ ਕਾਫੀ ਮਾਤਰਾ ਵਿੱਚ ਜਾਂ ਕਾਫੀ ਤੇਜ਼ੀ ਨਾਲ ਹੁੰਦਾ ਹੈ।

ਡੀ ਆਈ ਵਾਈ ਏਅਰ ਕਲੀਨਰ ਲੰਮੇ ਸਮੇਂ ਦਾ ਹੱਲ ਨਹੀਂ ਹਨ। ਜਿਹਨਾਂ ਘਰਾਂ ਵਿੱਚ ਉੱਲੀ ਲੱਗਣ ਅਤੇ ਲੱਕੜ ਬਾਲਣ ਵਾਲੇ ਸਟੋਵਾਂ ਵਰਗੀਆਂ ਹਵਾ ਨੂੰ ਲੰਮੇ ਸਮੇਂ ਲਈ ਪ੍ਰਦੂਸ਼ਤ ਕਰਨ ਦੀਆਂ ਹਾਲਤਾਂ ਹਨ, ਉਹ ਡੀ ਆਈ ਵਾਈ ਏਅਰ ਕਲੀਨਰਾਂ ਨੂੰ ਫੌਰੀ ਵਰਤੇ ਜਾਣ ਵਾਲੇ ਸਾਧਨ ਵਜੋਂ ਵਰਤ ਸਕਦੇ ਹਨ। ਪਰ ਘਰ ਮਾਲਕਾਂ ਨੂੰ ਘਰਾਂ ਵਿੱਚ ਹਵਾ ਦਾ ਪ੍ਰਦੂਸ਼ਨ ਪੈਦਾ ਕਰਨ ਵਾਲੇ ਸ੍ਰੋਤਾਂ ਨੂੰ ਹਟਾਉਣ ਲਈ ਲੋੜੀਂਦੇ ਪ੍ਰਬੰਧ ਕਰਨੇ ਚਾਹੀਦੇ ਹਨ।

ਡੀ ਆਈ ਵਾਈ ਏਅਰ ਕਲੀਨਰ ਘਰਾਂ ਨੂੰ ਠੰਢਾ ਕਰਨ ਦਾ ਹੱਲ ਨਹੀਂ ਹਨ - ਜੇ ਤਾਪਮਾਨ 35 ਡਿਗਰੀ ਜਾਂ ਇਸ ਤੋਂ ਵੱਧ ਹੋਵੇ ਤਾਂ ਪੱਖਾ ਤੁਹਾਡੇ ਸਰੀਰ ਦੇ ਕੇਂਦਰੀ (ਕੋਰ) ਤਾਪਮਾਨ ਨੂੰ ਘੱਟ ਕਰਨ ਲਈ ਕਾਫੀ ਨਹੀਂ ਹੋਵੇਗਾ ਅਤੇ ਤੁਹਾਨੂੰ ਕਿਸੇ ਠੰਢੇ (ਕੂਲਿੰਗ) ਸੈਂਟਰ ਵਿੱਚ ਜਾਣ ਦੀ ਲੋੜ ਹੋਵੇਗੀ। ਜੇ ਤੁਹਾਨੂੰ ਇਹ ਚੋਣ ਕਰਨ ਦੀ ਲੋੜ ਹੋਵੇ ਕਿ ਤੁਸੀਂ ਆਪਣੇ ਆਪ ਦਾ ਵੱਧ ਗਰਮੀ ਤੋਂ ਬਚਾਅ ਕਰਨਾ ਹੈ ਜਾਂ ਹਵਾ ਦੀ ਘਟੀਆ ਕੁਆਲਟੀ ਤੋਂ, ਤਾਂ ਤੁਹਾਨੂੰ ਹਮੇਸ਼ਾਂ **ਗਰਮੀ ਤੋਂ ਬਚਾਅ** ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਧੂੰਏਂ ਦੇ ਮੁਕਾਬਲੇ ਅਤਿ ਦੀ ਗਰਮੀ ਕਾਰਨ ਫੌਰੀ ਤੌਰ `ਤੇ ਨੁਕਸਾਨ ਹੋਣ ਅਤੇ ਮੌਤ ਹੋਣ ਦਾ ਜ਼ਿਆਦਾ ਖਤਰਾ ਹੁੰਦਾ ਹੈ।




ਤਸਵੀਰ ਦਾ ਹਵਾਲਾ: ਯੂਨਾਈਟਿਡ ਸਟੇਟਸ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ (ਯੂ ਐੱਸ ਈ ਪੀ ਏ)। (2023, ਅਕਤੂਬਰ). ਵਾਈ ਵਾਇਲਡਫਾਇਰ ਸਮੋਕ ਇਜ਼ ਏ ਹੈਲਥ ਕਨਸਰਨ (ਓਵਰਵਿਊਜ਼ ਐਂਡ ਫੈਕਟਸ਼ੀਟਸ). https://www.epa.gov/wildfire-smoke-course/why-wildfire-smoke-health-concern

## v. ਡੀ ਆਈ ਵਾਈ ਏਅਰ ਕਲੀਨਰ ਨੂੰ ਸੁਰੱਖਿਅਤ ਢੰਗ ਨਾਲ ਵਰਤਣਾ

ਡੀ ਆਈ ਵਾਈ ਏਅਰ ਕਲੀਨਰ ਨੂੰ ਵਰਤਣ ਸਮੇਂ ਸੁਰੱਖਿਆ ਨਾਲ ਸੰਬੰਧਿਤ ਮਸਲਿਆਂ ਤੋਂ ਬਚਣ ਲਈ ਸਾਧਾਰਣ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ।

ਅਸੀਂ ਸ਼ਾਮਲ ਹੋਣ ਵਾਲਿਆਂ ਨੂੰ ਹੇਠ ਲਿਖੀਆਂ ਗੱਲਾਂ ਬਾਰੇ ਨਿਰਦੇਸ਼ ਦੇਣ ਦੀ ਜ਼ੋਰਦਾਰ ਸਿਫਾਰਸ਼ ਕਰਦੇ ਹਾਂ:

- ਹਵਾ ਦੇ ਸੌਖੀ ਤਰ੍ਹਾਂ ਲੰਘਣ ਲਈ ਏਅਰ ਕਲੀਨਰ ਨੂੰ ਕੰਧਾਂ, ਪਰਦਿਆਂ ਜਾਂ ਫਰਨੀਚਰ ਤੋਂ ਘੱਟੋ ਘੱਟ 4 ਫੁੱਟ ਦੀ ਦੂਰੀ `ਤੇ ਵਰਤਿਆ ਜਾਣਾ ਚਾਹੀਦਾ ਹੈ।
- ਜੰਗਲੀ ਅੱਗ ਦੇ ਧੂੰਏਂ ਨੂੰ ਅੰਦਰ ਆਉਣ ਤੋਂ ਘਟਾਉਣ ਲਈ ਧੂੰਏਂ ਨੂੰ ਕਮਰੇ ਅੰਦਰ ਆਉਣ ਤੋਂ ਰੋਕਣ ਲਈ ਬਾਰੀਆਂ ਨੂੰ ਬੰਦ ਕਰਨਾ ਜ਼ਰੂਰੀ ਹੈ।
- ਏਅਰ ਕਲੀਨਰਾਂ ਨੂੰ ਧਿਆਨ ਵਿੱਚ ਰੱਖੇ ਬਿਨਾਂ ਚਲਦੇ ਨਹੀਂ ਰਹਿਣ ਦੇਣਾ ਚਾਹੀਦਾ।
- ਏਅਰ ਕਲੀਨਰ ਨੂੰ ਐਕਸਟੈਨਸ਼ਨ ਕੋਰਡ ਦੀ ਥਾਂ ਸਿੱਧਾ ਕੰਧ ਵਿੱਚ ਲੱਗੇ ਪਲੱਗ ਵਿੱਚ ਲਾਉਣਾ ਚਾਹੀਦਾ ਹੈ।
- ਏਅਰ ਕਲੀਨਰ ਨੂੰ ਸਖਤ ਸਤਹ `ਤੇ ਰੱਖਣਾ ਚਾਹੀਦਾ ਹੈ (ਕਾਰਪੈੱਟ `ਤੇ ਨਹੀਂ) ਅਤੇ ਸਿੱਧਾ ਖੜ੍ਹਾ ਕਰਨਾ ਚਾਹੀਦਾ ਹੈ।
- ਪਿਛਲੇ ਪਾਸੇ ਲੱਗੇ ਫਿਲਟਰ ਨੂੰ ਉਦੋਂ ਬਦਲ ਦੇਣਾ ਚਾਹੀਦਾ ਹੈ ਜਦੋਂ ਉਹ ਗੰਦਾ ਦਿਖਾਈ ਦੇਵੇ (ਸਲੇਟੀ ਜਾਂ ਕਾਲਾ ਦਿਖਾਈ ਦੇਵੇ)।
- ਏਅਰ ਕਲੀਨਰ ਨੂੰ ਗਿੱਲ੍ਹੇ ਜਾਂ ਸੁੱਕੇ ਤੌਲੀਏ, ਕੰਬਲ ਜਾਂ ਹੋਰ ਕੱਪੜੇ ਨਾਲ ਨਾ ਢਕੋ।

ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਨੇ ਡੀ ਆਈ ਵਾਈ ਕਲੀਨਰਾਂ ਨਾਲ ਸੰਬੰਧਿਤ ਅੱਗ ਲੱਗਣ ਦੇ ਖਤਰਿਆਂ ਦੀ ਸੁਰੱਖਿਆ ਬਾਰੇ ਬਾਰੀਕੀ ਨਾਲ ਰਿਵੀਊ ਕੀਤਾ ਹੈ ਅਤੇ ਉਹਨਾਂ ਨੂੰ ਸੁਰੱਖਿਅਤ ਪਾਇਆ ਹੈ। ***Wildfire Safety Report:*** *https://chemicalinsights.org/wp-content/uploads/2021/07/DIY-Box-Fan-Report-2021.pdf*

ਸਾਡੇ ਵੈੱਬਸਾਈਟ `ਤੇ **"ਸੇਫਟੀ ਅਤੇ ਗੌਰ ਕਰਨ ਯੋਗ ਚੀਜ਼ਾਂ"** ਬਾਰੇ ਉਪਲਬਧ ਹੈਂਡਆਊਟ ਦੇਖੋ।

## vi. ਜੰਗਲੀ ਅੱਗਾਂ ਦੀ ਸਥਿਤੀ ਵਿੱਚ ਸੁਧਾਰ ਕਰਨ ਲਈ ਅਸੀਂ ਕੀ ਕਰ ਸਕਦੇ ਹਾਂ?

ਸਥਿਤੀ ਵਿੱਚ ਸੁਧਾਰ ਕਰਨ ਲਈ ਵਿਅਕਤੀਗਤ ਪੱਧਰ `ਤੇ **ਅਸੀਂ ਕਈ ਚੀਜ਼ਾਂ ਕਰ ਸਕਦੇ ਹਾਂ**।

ਸਭ ਤੋਂ ਪਹਿਲਾਂ, ਅਸੀਂ ਜੰਗਲੀ ਅੱਗਾਂ ਤੋਂ ਰੋਕਥਾਮ ਕਰਨ ਦੇ ਸਭ ਤੋਂ ਵਧੀਆ ਅਮਲ ਅਪਣਾਅ ਸਕਦੇ ਹਾਂ, ਜਿਵੇਂ:

- ਜਲਦੀਆਂ ਸਿਗਰਟਾਂ ਜਾਂ ਸਿਗਾਰਾਂ ਨੂੰ ਜ਼ਮੀਨ `ਤੇ ਨਾ ਸੁਟਣਾ।
- ਜਦੋਂ ਅੱਗਾਂ ਬਾਰੇ ਖਿਆਲ ਰੱਖਣ ਦੀ ਚਿਤਾਵਨੀ ਹੋਵੇ ਉਦੋਂ ਅੱਗ ਨਾ ਬਾਲਣਾ ।
- ਆਪਣੇ ਘਰਾਂ ਦੇ ਆਲੇ ਦੁਆਲੇ ਤੋਂ ਅੱਗ ਲੱਗਣ ਵਾਲੀ ਸਮੱਗਰੀ ਨੂੰ ਹਟਾਉਣਾ ਜਾਂ ਫਾਇਰਵਾਈਜ਼ ® ਥਾਂ ਬਣਾਉਣਾ।
- ਚੰਗਿਆੜੀਆਂ ਵਲੋਂ ਉੱਡ ਕੇ ਅੰਦਰ ਆ ਜਾਣ ਕਾਰਨ ਅੱਗ ਲੱਗਣ ਤੋਂ ਰੋਕਥਾਮ ਕਰਨ ਲਈ ਆਪਣੇ ਘਰਾਂ ਦੀਆਂ ਛੱਤਾਂ ਨੂੰ ਚੰਗੀ ਤਰ੍ਹਾਂ ਮੁਰੰਮਤ ਹੋਈ ਸਥਿਤੀ ਵਿੱਚ ਰੱਖਣਾ।

ਨੰਬਰ ਦੋ, ਸਾਡੀ ਅਸਲੀ ਤਾਕਤ ਇਕੱਲੇ ਇਕੱਲੇ ਦੇ ਤੌਰ `ਤੇ ਨਹੀਂ ਹੈ, ਸਗੋਂ ਇਹ ਸਾਰਿਆਂ ਦੀ ਇਕੱਠਿਆਂ ਦੀ ਤਾਕਤ ਹੈ। ਜਲਵਾਯੂ ਦੇ ਸੰਕਟ ਵਿੱਚ ਸਭ ਤੋਂ ਜ਼ਿਆਦਾ ਹਿੱਸਾ ਪਾਉਣ ਵਾਲਿਆਂ `ਤੇ ਕਾਬੂ ਪਾਉਣ ਲਈ ਵਿਧਾਨਕ ਪੱਧਰ `ਤੇ ਐਕਸ਼ਨ ਦੀ ਲੋੜ ਹੈ। ਇਹ ਤਾਂ ਹੀ ਹੋਵੇਗਾ ਜੇ ਅਸੀਂ ਆਪਣੀਆਂ ਅਵਾਜ਼ਾਂ ਉੱਚੀਆਂ ਕਰਾਂਗੇ।

- ਆਪਣੇ ਚੁਣੇ ਹੋਏ ਅਧਿਕਾਰੀਆਂ ਨੂੰ ਜਲਵਾਯੂ ਦੇ ਸੰਕਟ ਬਾਰੇ ਫੈਸਲਾਕੁਨ ਐਕਸ਼ਨ ਲੈਣ ਲਈ ਲਿਖਣ ਬਾਰੇ ਗੌਰ ਕਰੋ।
- ਉਹਨਾਂ ਨੁਮਾਇੰਦਿਆਂ ਨੂੰ ਵੋਟ ਪਾਉ ਜਿਹੜੇ ਜਲਵਾਯੂ ਦੀ ਤਬਦੀਲੀ ਬਾਰੇ ਕੰਮ ਕਰਨ ਨੂੰ ਪਹਿਲ ਦੇਣਗੇ ਅਤੇ ਜਿਹੜੇ ਪ੍ਰਦੂਸ਼ਣ ਦੇ ਵੱਡੇ ਉਤਪਾਦਕਾਂ ਵਲੋਂ ਸਪਾਂਸਰ ਨਹੀਂ ਕੀਤੇ ਗਏ।
- ਆਪਣੇ ਦੋਸਤਾਂ, ਪਰਿਵਾਰ ਅਤੇ ਗਵਾਂਢੀਆਂ ਨਾਲ ਜਲਵਾਯੂ ਵਿੱਚ ਤਬਦੀਲੀ ਬਾਰੇ ਗੱਲ ਕਰੋ ਅਤੇ ਇਕ ਕਮਿਊਨਿਟੀ ਵਜੋਂ ਆਪਣੇ ਪ੍ਰਭਾਵ ਨਾਲ ਨਜਿੱਠਣ ਲਈ ਕਦਮ ਚੁੱਕੋ।

# ਪਲੈਨਿੰਗ

ਇਸ ਸੈਕਸ਼ਨ ਵਿੱਚ ਉਹਨਾਂ ਕਦਮਾਂ ਬਾਰੇ ਦੱਸਿਆ ਗਿਆ ਹੈ ਜਿਹਨਾਂ ਦੀ ਤੁਹਾਡੀ ਕਮਿਊਨਿਟੀ ਵਿੱਚ ਵਰਕਸ਼ਾਪ ਦੀ ਪਲੈਨ (ਯੋਜਨਾ) ਬਣਾਉਣ ਲਈ ਲੋੜ ਹੈ। ਭਾਵੇਂ ਤੁਸੀਂ ਇਕ ਮਿਊਂਸਪੈਲਟੀ ਹੋ, ਨੇਬਰਹੁੱਡ ਗਰੁੱਪ ਹੋ ਜਾਂ ਹਾਈ ਸਕੂਲ, ਬੱਜਟ ਬਣਾਉਣ, ਚੀਜ਼ਾਂ ਖ੍ਰੀਦਣ, ਸਾਂਭਣ ਜਾਂ ਹੋਰ ਖੇਤਰਾਂ ਵਿੱਚ ਤੁਹਾਡੇ ਸਾਹਮਣੇ ਇਸ ਤਰ੍ਹਾਂ ਦੇ ਮਸਲੇ ਆ ਸਕਦੇ ਹਨ।

## i. ਯੂਨਿਟ ਦਾ ਖਰਚਾ


ਇਕ ਵਰਕਸ਼ਾਪ ਲਾਉਣ ਦਾ ਬਹੁਤਾ ਖਰਚਾ ਏਅਰ ਕਲੀਨਰ ਦਾ ਖਰਚਾ ਹੈ, ਜੋ ਕਿ ਤਕਰੀਬਨ **ਇਕ ਯੂਨਿਟ ਦਾ 75 ਡਾਲਰ** ਹੈ।

ਹੋਰ ਆ ਸਕਣ ਵਾਲੇ ਖਰਚਿਆਂ ਦੇ ਨਾਲ ਨਾਲ ਇਕ ਯੂਨਿਟ ਦੇ ਖਰਚੇ ਦਾ ਵੇਰਵਾ ਇਸ ਪ੍ਰਕਾਰ ਹੈ। ਤੁਹਾਡੀ ਸੰਸਥਾ ਜਾਂ ਕਮਿਊਨਿਟੀ ਵਿੱਚੋਂ ਤੁਹਾਡਾ ਭਾਈਵਾਲ ਇਹਨਾਂ ਵਿੱਚੋਂ ਕੁਝ ਵਸਤਾਂ ਬਿਨਾਂ ਲਾਗਤ ਦੇ ਸਕਦਾ ਹੈ।


### ਡੀ ਆਈ ਵਾਈ ਕਲੀਨਰ - ਲੋੜੀਂਦੀ ਸਮੱਗਰੀ



20 X 20 ਇੰਚ ਦਾ



20 X 20 ਦਾ ਇੰਚ ਐੱਮ ਈ ਆਰ ਵੀ 13 ਫਿਲਟਰ (ਐੱਮ ਪੀ ਆਰ 1900)



ਡਕਟ ਟੇਪ



ਕੈਂਚੀਆਂ ਜਾਂ ਬੌਕਸ ਕਟਰ

| ਵਸਤ | ਪ੍ਰਤੀ ਵਸਤ ਖਰਚ |
|---|---|
| ਲਾਸਕੋ ਬੌਕਸ ਫੈਨ | 50 ਡਾਲਰ |
| ਐੱਮ ਈ ਆਰ ਵੀ 13 ਫਿਲਟਰ: | |
| • ਇਕੱਠੀਆਂ 12 ਯੂਨਿਟਾਂ ਆਰਡਰ ਕਰਨ `ਤੇ 20 ਡਾਲਰ | 20 ਡਾਲਰ |
| • ਇਕੱਲਾ ਇਕੱਲਾ ਯੂਨਿਟ | 25-30 ਡਾਲਰ |
| ਡਕਟ ਟੇਪ ਦਾ 1/2 ਰੋਲ | 5 ਡਾਲਰ |
| *ਇਕ ਯੂਨਿਟ ਦਾ ਕੁੱਲ ਖਰਚਾ (ਟੈਕਸ ਤੋਂ ਪਹਿਲਾਂ)* | ~75 ਡਾਲਰ |

**ਹੇਠ ਲਿਖੀਆਂ ਚੀਜ਼ਾਂ ਕਰਕੇ ਵਰਕਸ਼ਾਪ ਕਰਾਉਣ ਦਾ ਖਰਚਾ ਵੱਖਰਾ ਵੱਖਰਾ ਹੋ ਸਕਦਾ ਹੈ:** ਵਰਕਸ਼ਾਪ ਕਰਨ ਵਾਲੀ ਥਾਂ ਦਾ ਕਿਰਾਇਆ, ਖਾਣ ਪੀਣ ਦਾ ਸਾਮਾਨ, ਸਟੋਰ ਕਰਨ ਵਾਲੀ ਥਾਂ ਦਾ ਕਿਰਾਇਆ ਅਤੇ ਸਫਰ ਕਰਨ/ਆਉਣ ਜਾਣ ਦੇ ਸਾਧਨਾਂ ਨੂੰ ਕਿਰਾਏ `ਤੇ ਲੈਣ ਦਾ ਖਰਚਾ।

**ਗੌਰ ਕਰਨ ਯੋਗ ਹੋਰ ਖਰਚੇ:** ਫਸਟ ਏਡ ਦੀ ਕਿੱਟ, ਵਾਲੰਟੀਅਰਾਂ ਲਈ ਗਿਫਟ ਕਾਰਡ, ਅਤੇ ਬੱਚਿਆਂ ਦੀ ਦੇਖਭਾਲ (ਚਾਈਲਡ ਕੇਅਰ) ਦਾ ਖਰਚਾ।


## ii. ਵਰਕਸ਼ਾਪ ਲਈ ਥਾਂ ਅਤੇ ਤਿਆਰੀ

ਵਰਕਸ਼ਾਪ ਲਈ ਥਾਂ ਦੀ ਚੋਣ ਕਰਨ ਸਮੇਂ 25 ਲੋਕਾਂ ਦੀ ਸਮਰੱਥਾ ਵਾਲਾ ਔਸਤ ਸਾਈਜ਼ ਦਾ ਕਲਾਸ ਰੂਮ ਕਾਫੀ ਰਹੇਗਾ। 10 ਤੋਂ 12 ਫੋਲਡਿੰਗ ਟੇਬਲਾਂ (ਇਕ ਟੇਬਲ `ਤੇ ਦੋ ਲੋਕ) ਜੋਗੀ ਥਾਂ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਤੁਸੀਂ ਇਹ ਯਕੀਨੀ ਬਣਾਉਣਾ ਚਾਹੋਗੇ ਕਿ ਲੋਕਾਂ ਦੇ ਤੁਰਨ ਫਿਰਨ ਲਈ ਥਾਂ ਹੋਵੇ ਖਾਸ ਕਰਕੇ ਜੇ ਸ਼ਾਮਲ ਹੋਣ ਵਾਲਿਆਂ ਵਿੱਚੋਂ ਕੁਝ ਲੋਕ ਵੀਲ੍ਹਚੇਅਰਾਂ `ਤੇ ਹੋਣ ਜਾਂ ਆਪਣੇ ਨਾਲ ਮਦਦ ਲਈ ਕਿਸੇ ਦੋਸਤ/ਮਿੱਤਰ ਨੂੰ ਲੈ ਕੇ ਆਏ ਹੋਣ।

ਵਰਕਸ਼ਾਪ ਮੁਕੰਮਲ ਹੋਣ ਲਈ 2 ਘੰਟਿਆ ਤੋਂ ਵੱਧ ਸਮਾਂ ਨਹੀਂ ਲੱਗਣਾ ਚਾਹੀਦਾ। ਕੁੱਝ ਲੋਕ ਇਹ ਦੂਜਿਆਂ ਦੇ ਮੁਕਾਬਲੇ ਜ਼ਿਆਦਾ ਤੇਜ਼ੀ ਨਾਲ ਕਰ ਸਕਦੇ ਹਨ, ਜੋ ਉਹਨਾਂ ਦੀ ਯੋਗਤਾ `ਤੇ ਨਿਰਭਰ ਕਰਦਾ ਹੈ। ਵਰਕਸ਼ਾਪ ਦੇ ਅੰਤ `ਤੇ ਇਹ ਯਕੀਨੀ ਬਣਾਉ ਕਿ ਸਾਰੇ ਸ਼ਾਮਲ ਹੋਣ ਵਾਲਿਆਂ ਦੇ ਪੱਖੇ ਪਲੱਗ ਕੀਤੇ ਹੋਣ ਅਤੇ ਸਹੀ ਤਰਾਂ ਕੰਮ ਕਰਦੇ ਹੋਣ।

ਤੁਹਾਡੀ ਵਰਕਸ਼ਾਪ ਵਾਲੀ ਥਾਂ ਨੂੰ ਸੈੱਟ ਕਰਨ ਲਈ ਇਕ ਨਮੂਨਾ:

- ਹਰ ਫੋਲਡਿੰਗ ਟੇਬਲ ਦੇ ਨਾਲ ਦੋ ਕੁਰਸੀਆਂ ਲਾਉ
- ਹਰ ਇਕ ਟੇਬਲ `ਤੇ ਦੋ ਪੱਖੇ ਰੱਖੋ, ਜਿਹਨਾਂ ਉੱਪਰ ਇਕ ਫਿਲਟਰ ਰੱਖਿਆ ਹੋਵੇ
- ਇਹ ਯਕੀਨੀ ਬਣਾਉ ਕਿ ਹਰ ਵਰਕ-ਸਟੇਸ਼ਨ `ਤੇ ਹੇਠ ਲਿਖੇ ਡਾਕੂਮੈਂਟ (ਕਾਗਜ) ਰੱਖੇ ਹੋਏ ਹੋਣ
  - ਹਿਦਾਇਤਾਂ ਵਾਲਾ ਮੈਨੂਅਲ
  - ਸੇਫਟੀ ਡਾਕੂਮੈਂਟ
  - ਸਿੱਖਿਆ ਦੀ ਕੋਈ ਹੋਰ ਸਮੱਗਰੀ



## iii. ਚੀਜ਼ਾਂ ਖ੍ਰੀਦਣਾ

ਜਦੋਂ ਐੱਮ ਈ ਆਰ ਵੀ -13 ਫਿਲਟਰ ਅਤੇ ਬੌਕਸ ਫੈਨ ਦੀ ਗੱਲ ਆਉਂਦੀ ਹੈ ਤਾਂ ਕਈ ਮਹੱਤਵਪੂਰਨ ਚੀਜ਼ਾਂ ਵੱਲ ਧਿਆਨ ਦੇਣ ਦੀ ਲੋੜ ਹੈ। ਐੱਮ ਈ ਆਰ ਵੀ-13 ਫਿਲਟਰ ਅਤੇ ਬੌਕਸ ਫੈਨ ਖ੍ਰੀਦਦੇ ਵਕਤ ਇਹ ਯਕੀਨੀ ਬਣਾਉ ਕਿ ਤੁਸੀਂ ਸਹੀ ਲੋੜਾਂ (ਰਿਕੁਆਇਰਮੈਂਟਸ) ਵਾਲੇ ਫਿਲਟਰ ਅਤੇ ਫੈਨ ਦੀ ਚੋਣ ਕੀਤੀ ਹੈ। ਇਹ ਯਕੀਨੀ ਬਣਾਉ ਕਿ ਤੁਸੀਂ 75 ਵਾਟ ਦੀ ਵਰਤੋਂ ਕਰਨ ਵਾਲਾ ਚੌਰਸ ਬੌਕਸ (20 X 20 ਇੰਚ) ਵਾਲਾ ਫੈਨ ਅਤੇ (20 X 20 X 1 ਇੰਚ) ਦੇ ਚੌਰਸ ਐੱਮ ਈ ਆਰ ਵੀ ਫਿਲਟਰ (ਐੱਮ ਪੀ ਆਰ 1900) ਚੁਣੇ ਹਨ। ਇਸ ਤੋਂ ਉਤਲੇ ਰੇਟ ਵਾਲੇ ਐੱਮ ਈ ਆਰ ਵੀ ਫਿਲਟਰ ਵੀ ਲਏ ਜਾਂ ਸਕਦੇ ਹਨ ਪਰ ਉਹਨਾਂ ਦਾ ਖਰਚਾ ਕਾਫੀ ਜ਼ਿਆਦਾ ਹੋਵੇਗਾ। ਵੱਡੀ ਮਾਤਰਾ ਵਿੱਚ ਫਿਲਟਰ ਖ੍ਰੀਦਣ ਨਾਲ ਫਿਲਟਰ ਦੀ ਲਾਗਤ ਅੱਧ ਦੇ ਕਰੀਬ ਘੱਟ ਹੋ ਸਕਦੀ ਹੈ। ਏਅਰ ਕਲੀਨਰ ਲਈ ਬਿਲਕੁਲ ਦਰੁੱਸਤ ਸ਼ਰਤਾਂ (ਸਪੈਸੀਫਿਕੇਸ਼ਨਜ਼) ਅਤੇ ਸਮੱਗਰੀ ਦੀ ਲਿਸਟ ਦੇਖਣ ਲਈ ਸਫਾ 12 ਦੇਖੋ।

ਜੇ ਤੁਸੀਂ ਵਰਕਸ਼ਾਪ ਗਰਮੀਆਂ ਵਿੱਚ ਕਰ ਰਹੇ ਹੋ ਤਾਂ ਪੱਖਿਆਂ ਨੂੰ ਸੀਜ਼ਨ ਦੇ ਸ਼ੁਰੂ ਵਿੱਚ ਪ੍ਰਾਪਤ ਕਰਨ ਦੀ ਯੋਜਨਾ ਬਣਾਉ ਕਿਉਂਕਿ ਜੰਗਲੀ ਅੱਗਾਂ ਦਾ ਧੂੰਆਂ ਵਧਣ ਨਾਲ ਉਹਨਾਂ ਦੀ ਸਪਲਾਈ ਖਤਮ ਹੋ ਸਕਦੀ ਹੈ। ਸਮੇਂ ਤੋਂ ਪਹਿਲਾਂ ਐਮਰਜੰਸੀ ਵਿੱਚ ਬੈਕ-ਅੱਪ ਲਈ (ਉਦਾਹਰਨ ਲਈ ਜੇ ਪੱਖਿਆਂ ਵਿੱਚ ਨੁਕਸ ਹੋਵੇ ਤਾਂ) ਕੁੱਝ ਵਾਧੂ ਪੱਖਿਆਂ ਅਤੇ ਫਿਲਟਰਾਂ ਨੂੰ ਖ੍ਰੀਦਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਸਮੱਗਰੀ ਖ੍ਰੀਦਣ ਤੋਂ ਪਹਿਲਾਂ ਵਰਕਸ਼ਾਪ ਤੱਕ ਉਹਨਾਂ ਨੂੰ ਸਟੋਰ ਕਰਨ ਲਈ ਲੋੜੀਂਦੀ ਥਾਂ ਦੇਖਣਾ ਮਹੱਤਵਪੂਰਨ ਹੈ। ਜੇ ਤੁਸੀਂ ਕਿਸੇ ਕਮਿਊਨਿਟੀ ਸੈਂਟਰ ਜਾਂ ਸੰਸਥਾ ਨਾਲ ਕੰਮ ਕਰਦੇ ਹੋ ਤਾਂ ਹੋ ਸਕਦਾ ਹੈ ਕਿ ਉਹ ਲੋੜ ਪੈਣ ਤੱਕ ਪੱਖਿਆਂ ਅਤੇ ਫਿਲਟਰਾਂ ਨੂੰ ਸਟੋਰ ਕਰਨ ਲਈ ਥਾਂ ਪ੍ਰਦਾਨ ਕਰ ਸਕਣ। ਸਮੱਗਰੀ ਨੂੰ ਸਿੱਧਾ ਹੀ ਵਰਕਸ਼ਾਪ ਵਾਲੀ ਥਾਂ `ਤੇ ਭੇਜਣਾ ਖਾਸ ਤੌਰ `ਤੇ ਸੁਵਿਧਾਜਨਕ ਹੋ ਸਕਦਾ ਹੈ।






# ਵਰਕਸ਼ਾਪ ਲਈ ਸ਼ੌਪਿੰਗ ਲਿਸਟ

| ਜ਼ਰੂਰੀ ਚੀਜ਼ਾਂ | ਅੰਦਾਜ਼ਨ ਲਾਗਤ | ਉਦਾਹਰਨ ਲਈ ਲਿੰਕ |
|---|---|---|
| ਬੌਕਸ ਫੈਨ 20 X 20 X 3 ਇੰਚ<br>ਘੱਟੋ ਘੱਟ 75 ਵਾਟ | 50 ਡਾਲਰ | https://www.canadiantire.ca/en/pdp/lasko-steel-portable-box-fan-3-speed-white-20-in-0430929p.html |
| ਐੱਮ ਈ ਆਰ ਵੀ - 13<br>ਏਅਰ ਫਿਲਟਰ<br>20 X 20 X 1 ਇੰਚ | 32 ਡਾਲਰਾਂ ਦਾ 1 | ਹੋਮ ਡੀਪੂ ਤੋਂ ਇਕ ਫਿਲਟਰ |
| | 72 ਡਾਲਰਾਂ ਦੇ 6 (12 ਡਾਲਰਾਂ ਦਾ 1) | ਐਮਾਜ਼ੋਨ ਤੋਂ 6 ਦਾ ਪੈਕ |
| | 225 ਡਾਲਰਾਂ ਦੇ 12 (18.75 ਡਾਲਰਾਂ ਦਾ 1)<br>* *ਐਮਰਜੰਸੀ ਦੇ ਕੇਸਾਂ ਵਿੱਚ ਤੇਜ਼ ਡਿਲੀਵਰੀ ਦੀ ਚੋਣ* | ਯੂ ਲਾਈਨ ਤੋਂ 12 ਦਾ ਪੈਕ |
| ਡਕਟ ਟੇਪ ਦਾ ਰੋਲ | 7 ਡਾਲਰ | https://www.homedepot.ca/product/scotchmulti-purpose-duct-tape-3920-wh-white-188-in-x-20-yd-48-mm-x-18-2-m/1000104244 |

| ਹੋਰ ਚੀਜ਼ਾਂ | ਅੰਦਾਜ਼ਨ ਲਾਗਤ | ਉਦਾਹਰਨ ਲਈ ਲਿੰਕ |
|---|---|---|
| ਕੈਂਚੀਆਂ ਜਾਂ ਬੌਕਸ ਕਟਰ | 15 ਡਾਲਰ | https://www.canadiantire.ca/en/pdp/fiskars-powerarc-heavy-duty-stainless-steel-soft-grip-scissors-8-in-black-orange-0572923p.html |
| ਰੂਲਰ | 2 ਡਾਲਰ | https://www.canadiantire.ca/en/pdp/meringue-stainless-steel-ruler-12-inch-30cm-1424149p.html?rq=ruler |
| ਪੈਨਸਿਲ ਜਾਂ ਪੈੱਨ | 3 ਡਾਲਰ | https://www.canadiantire.ca/en/pdp/paper-mate-canadiana-woodcase-pencils-hb-2-24-count-1424181p.html?rq=pencil |

➡ ਸਾਡਿਆਂ ਵੈੱਬਸਾਈਟਾਂ `ਤੇ ਇਹ ਲਿਸਟ ਡਾਊਨਲੋਡ ਅਤੇ ਪ੍ਰਿੰਟ ਕਰਨ ਯੋਗ ਪੀ ਡੀ ਐੱਫ ਦੇ ਤੌਰ `ਤੇ ਉਪਲਬਧ ਹੈ।

# ਵਰਕਸ਼ਾਪਾਂ ਲਈ ਫਾਇਦੇਮੰਦ ਹੈਂਡ ਆਊਟ

## i. ਵਰਕਸ਼ਾਪ ਕਰਨ ਵਿੱਚ ਮਦਦ

ਤੁਸੀਂ ਉਹ ਸਾਰੇ ਹੈਂਡਆਊਟ ਬੀ ਸੀ ਲੰਗ ਦੇ ਵੈੱਬਸਾਈਟ ਤੋਂ ਲੈ ਸਕਦੇ ਹੋ ਜਿਹਨਾਂ ਦਾ ਜ਼ਿਕਰ ਇਸ ਵਰਕਸ਼ਾਪ ਗਾਈਡ ਵਿੱਚ ਕੀਤਾ ਗਿਆ ਹੈ, ਜਿਹਨਾਂ ਵਿੱਚ **ਹਿਦਾਇਤਾਂ (ਡਾਊਨਲੋਡ ਅਤੇ ਪ੍ਰਿੰਟ ਕਰਨ ਲਈ 12 ਬੋਲੀਆਂ ਵਿੱਚ ਉਪਲਬਧ ਹਨ), ਸੁਰੱਖਿਆ ਅਤੇ ਧਿਆਨ ਦੇਣ ਯੋਗ ਗੱਲਾਂ ਦਾ ਡਾਕੂਮੈਂਟ** ਅਤੇ ਪੂਰੀ **ਸ਼ੌਪਿੰਗ ਲਿਸਟ** ਸ਼ਾਮਲ ਹੈ। ਇਸ ਦੇ ਨਾਲ ਹੀ ਹਿਦਾਇਤਾਂ ਦੇਣ ਵਾਲੀਆਂ ਵੀਡੀਓ ਅਤੇ ਜਾਣਕਾਰੀ ਦੇ ਸੈਸ਼ਨਾਂ ਵਿੱਚ ਵਰਤੀ ਜਾ ਸਕਣ ਵਾਲੀ ਪਾਵਰ ਪੁਆਇੰਟ ਵਿੱਚ ਤਿਆਰ ਕੀਤੀ ਪੇਸ਼ਕਾਰੀ ਵੀ ਉਪਲਬਧ ਹੈ।

**www.bclung.ca/diyaircleaners ਜਾਂ www.sfu.ca/fhs/breathe-project.html**

ਜੰਗਲੀ ਅੱਗਾਂ ਦੇ ਧੂੰਏਂ ਦੇ ਸਿਹਤ ਲਈ ਖਤਰਿਆਂ ਅਤੇ ਉਹਨਾਂ ਦੀ ਰੋਕਥਾਮ ਬਾਰੇ ਜਾਣਕਾਰੀ ਵਾਲੇ ਹੋਰ ਗਰਾਫਿਕਸ ਪ੍ਰਿੰਟ ਕਰਨ ਅਤੇ ਪੇਸ਼ਕਾਰੀ ਕਰਨ ਲਈ ਬੀ ਸੀ ਸੀ ਡੀ ਸੀ ਦੇ ਵੈੱਬਸਾਈਟ ਤੋਂ ਮਿਲ ਸਕਦੇ ਹਨ।

ਬੀ ਸੀ ਸੀ ਡੀ ਸੀ ਦੀ ਜੰਗਲੀ ਅੱਗਾਂ ਦੇ ਧੂੰਏਂ ਬਾਰੇ ਜਾਣਕਾਰੀ:
http://www.bccdc.ca/health-info/prevention-public-health/wildfire-smoke

## ii. ਖਤਰੇ ਦਾ ਮੁੱਲਾਂਕਣ ਕਰਨ ਲਈ ਸੰਦ ਅਤੇ ਜਾਣਕਾਰੀ

ਆਪਣੇ ਇਲਾਕੇ ਦੇ ਪੀ ਐੱਮ ਸੈਂਸਰ (ਹਵਾ ਵਿੱਚ ਕਣਾਂ ਦੀ ਘਣਤਾ ਨੂੰ ਮਾਪਣ ਵਾਲੇ ਯੰਤਰ) ਤੋਂ ਜਾਣੂ ਹੋਣਾ ਵਿਅਕਤੀ ਵਲੋਂ ਬਾਹਰਲੇ ਕਣਾਂ ਬਾਰੇ ਵਿਅਕਤੀਗਤ ਤੌਰ `ਤੇ ਕਦਮ ਚੁੱਕਣ ਬਾਰੇ ਸਮਝਣ ਵਿੱਚ ਹੀ ਮਦਦ ਨਹੀਂ ਕਰਦਾ, ਸਗੋਂ ਇਹ ਡੀ ਆਈ ਵਾਈ ਏਅਰ ਕਲੀਨਰ ਨੂੰ ਔਨ ਕਰਨ ਬਾਰੇ ਵੀ ਸੁਝਾ ਦਿੰਦਾ ਹੈ।

ਇਨਵਾਇਰਮੈਂਟ ਐਂਡ ਕਲਾਈਮੇਟ ਚੇਂਜ ਕੈਨੇਡਾ ਦੀ ਮਦਦ ਨਾਲ ਲੱਗੇ ਕਮਿਊਨਿਟੀ ਵਿਚਲੇ ਪੀ ਐੱਮ ਸੈਂਸਰਾਂ ਦਾ ਨਕਸ਼ਾ:
https://aqmap.ca/aqmap/#9/49.5902/-122.7557/L38/L40/L41

## iii. ਕਾਰਗਰਤਾ

ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਵੀ ਏਅਰ ਕਲੀਨਰਾਂ ਦੀ ਸੁਰੱਖਿਆ ਅਤੇ ਕਾਰਗਰਤਾ ਬਾਰੇ ਵਿਸਤ੍ਰਿਤ ਵਸੀਲੇ ਅਤੇ ਖੋਜ ਪ੍ਰਦਾਨ ਕਰਦੀ ਹੈ। ਇਸ ਦੇ ਨਾਲ ਹੀ ਇਸ ਸਾਈਟ ਤੋਂ ਵਰਕਸ਼ਾਪ ਲਈ ਜਾਣਕਾਰੀ ਵਾਲੇ ਕੁੱਝ ਗਰਾਫਿਕਸ ਵੀ ਪ੍ਰਿੰਟ ਕੀਤੇ ਜਾ ਸਕਦੇ ਹਨ।

ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਤੋਂ ਜੰਗਲੀ ਅੱਗ ਦੇ ਧੂੰਏਂ ਨੂੰ ਘਟਾਉਣ ਲਈ ਡੀ ਆਈ ਵਾਈ ਕਲੀਨਰਾਂ ਬਾਰੇ ਖੋਜ:
https://www.epa.gov/air-research/research-diy-air-cleaners-reduce-wildfire-smoke-indoors

# ਹਵਾਲੇ


ਬੀ ਸੀ ਸੈਂਟਰ ਫਾਰ ਡਿਜ਼ੀਜ਼ ਕੰਟਰੋਲ (ਬੀ ਸੀ ਸੀ ਡੀ ਸੀ). (2024). ਵਾਈਲਡ ਫਾਇਰ ਸਮੋਕ (ਜੰਗਲੀ ਅੱਗ ਦਾ ਧੂੰਆਂ): http://www.bccdc.ca/health-info/prevention-public-health/wildfire-smoke

ਡੇਵਿਸ, ਏ ਅਤੇ ਬਲੈਕ, ਐੱਮ (2021, ਜੁਲਾਈ). ਐਨ ਇਵੈਲੂਏਸ਼ਨ ਆਫ ਡੀ ਆਈ ਵਾਈ ਏਅਰ ਫਿਲਟ੍ਰੇਸ਼ਨ (ਡੀ ਆਈ ਵਾਈ ਰਾਹੀਂ ਵਲੋਂ ਹਵਾ ਨੂੰ ਫਿਲਟਰ ਕਰਨ ਦੇ ਅਮਲ ਦਾ ਮੁੱਲਾਂਕਣ): https://chemicalinsights.org/wp-content/uploads/2021/07/DIY-Box-Fan-Report-2021.pdf

ਈਕਲਬੋਸ਼, ਏ. (2023, ਜਨਵਰੀ). ਡੂ-ਇਟ-ਯੂਅਰਸੈਲਫ (ਡੀ ਆਈ ਵਾਈ) ਏਅਰ ਕਲੀਨਰਜ਼: ਐਵੀਡੈਂਸ ਔਨ ਇਫੈਕਟਿਵਨੈੱਸ ਐਂਡ ਕਨਸਿਡਰੇਸ਼ਨਜ਼ ਫਾਰ ਸੇਫ ਉਪਰੇਸ਼ਨਜ਼ ( ਡੂ-ਇਟ-ਯੂਅਰਸੈਲਫ (ਡੀ ਆਈ ਵਾਈ) ਏਅਰ ਕਲੀਨਰ: ਕਾਰਗਰਤਾ ਬਾਰੇ ਸਬੂਤ ਅਤੇ ਸੁਰੱਖਿਅਤ ਢੰਗ ਨਾਲ ਚਲਾਉਣ ਲਈ ਧਿਆਨਯੋਗ ਗੱਲਾਂ): *ਨੈਸ਼ਨਲ ਕੋਲੈਬੋਰੇਟਿੰਗ ਸੈਂਟਰ ਫਾਰ ਇਨਵਾਇਰਮੈਂਟਲ ਹੈਲਥ.*

ਗਵਰਮੈਂਟ ਆਫ ਬ੍ਰਿਟਿਸ਼ ਕੋਲੰਬੀਆ. (2023, ਦਸੰਬਰ). ਵਾਈਲਡਫਾਇਰ ਸੀਜ਼ਨ ਸਮਰੀ (ਜੰਗਲੀ ਅੱਗਾਂ ਦਾ ਮੌਸਮ ਦਾ ਸਾਰ) https://www2.gov.bc.ca/gov/content/safety/wildfire-status/about-bcws/wildfire- history/wildfire-season-summary

ਗਵਰਮੈਂਟ ਆਫ ਕੈਨੇਡਾ. (2023, ਜੁਲਾਈ 7). ਪਬਲਿਕ ਹੈਲਥ ਰਿਸਕ ਪ੍ਰੋਫਾਈਲ: ਵਾਈਲਡ-ਫਾਈਰਜ਼ ਇਨ ਕੈਨੇਡਾ, 2023 (ਜਨਤਕ ਸਿਹਤ ਨੂੰ ਖਤਰਿਆਂ ਦਾ ਸੰਖੇਪ: ਕੈਨੇਡਾ ਵਿੱਚ ਜੰਗਲੀ ਅੱਗਾਂ, 2023). https://www.canada.ca/en/public-health/services/emergency-preparedness- response/rapid-risk-assessments-public-health-professionals/risk-profile-wildfires-2023.html

ਕੁਲਕਰਨੀ, ਏ. ਅਤੇ ਨੈਲਮਜ਼, ਬੀ. (2021, ਜੂਨ 21). ਬੀ ਸੀਜ਼ ਸਾਊਥ ਕੋਸਟ ਕੁੱਡ ਸੂਨ ਸੀ ਸਮੋਕੀ ਸਕਾਈਜ਼, ਐਕਸਪਰਟਸ ਵਾਰਨ (ਬੀ ਸੀ ਦੇ ਉੱਤਰੀ ਤੱਟ `ਤੇ ਛੇਤੀ ਹੀ ਧੂਏਂ ਭਰੇ ਅਸਮਾਨ ਦਿਖਾਈ ਦੇ ਸਕਦੇ ਹਨ, ਮਾਹਰਾਂ ਵਲੋਂ ਚਿਤਾਵਨੀ) ਸੀ ਬੀ ਸੀ ਨਿਊਜ਼. https://www.cbc.ca/news/canada/british-columbia/metro-vancouver-wildfire-smoke-1.6109122


ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ (ਯੂ ਐੱਸ ਈ ਪੀ ਏ). (2023, ਅਕਤੂਬਰ). ਵਾਈ ਵਾਇਲਡਫਾਇਰ ਸਮੋਕ ਇਜ਼ ਏ ਹੈਲਥ ਕਨਸਰਨ (ਜੰਗਲੀ ਅੱਗ ਦਾ ਧੂੰਆਂ ਸਿਹਤ ਲਈ ਚਿੰਤਾ ਦਾ ਵਿਸ਼ਾ ਕਿਉਂ ਹੈ) [ਓਵਰਵਿਊਜ਼ ਐਂਡ ਫੈਕਟਸ਼ੀਟਸ]. https://www.epa.gov/wildfire-smoke-course/why-wildfire-smoke-health-concern

ਵੈਸਟਰਨ ਫਾਇਰ ਚੀਫ ਐਸੋਸੀਏਸ਼ਨ (2024, ਮਾਰਚ). ਵਾਇਲਡਫਾਇਰ ਸਮੋਕ ਐਂਡ ਕਲਾਈਮੇਟ ਚੇਂਜ (ਜੰਗਲੀ ਅੱਗਾਂ ਦਾ ਧੂੰਆਂ ਅਤੇ ਜਲਵਾਯੂ ਵਿੱਚ ਤਬਦੀਲੀ). https://wfca.com/wildfire-articles/wildfires-and-climate-change/


## ਸਾਡੇ ਨਾਲ ਸੰਪਰਕ ਕਰੋ


air-cleaners@sfu.ca

bclung.ca/diyaircleaners


@sfu_breathe